ਕੋਵਿਡ ਕੇਅਰ ਕੰਮਪੈਨਿਅਨ



# ਘਰ ਵਿੱਚ ਇਕਾਂਤਵਾਸ

## ਘਰ ਵਿੱਚ ਇਕੱਲਤਾ ਲਈ **ਕੋਵਿਡ -19 ਮਰੀਜ਼ਾਂ** ਲਈ ਦਿਸ਼ਾ ਨਿਰਦੇਸ਼

ਐਮਰਜੈਂਸੀ ਜਾਂ ਕਿਸੇ ਵੀ ਜਾਣਕਾਰੀ ਲਈ, ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਜਾਂ **ਹੈਲਪਲਾਈਨ ਨੰਬਰ 1075** ਤੇ ਕਾਲ ਕਰੋ

NOORAHEALTH

YosAID INNOVATION FOUNDATION

# ਪਹਿਲਾਂ ਡਾਕਟਰ ਨਾਲ ਸਲਾਹ-ਮਸ਼ਵਰਾ ਕਰੋ




## ਤੁਸੀਂ ਇਹਨਾ ਵਿਚੋਂ ਇੱਕ ਦੀ ਵਰਤੋਂ ਕਰਕੇ ਲੱਭ ਸਕਦੇ ਹੋ

ਟੋਲ ਫ੍ਰੀ ਹੈਲਪਲਾਈਨ : **1075**

ਈ-ਸੰਜੀਵਨੀ : **91-11-23978046**

# ਦਵਾਈਆਂ ਜਿੰਨ੍ਹਾਂ ਨੂੰ ਤੁਸੀਂ ਘਰ ਵਿੱਚ ਲੈ ਸਕਦੇ ਹੋ

ਜੇ **ਤੁਹਾਨੂੰ ਬੁਖਾਰ ਜਾਂ ਸਰੀਰ ਵਿੱਚ ਦਰਦ** ਹੈ ਤਾਂ ਇੱਕ ਟੈਬਲੇਟ **ਪੈਰਾਸੀਟਾਮੋਲ 500 ਮਿ ਗ੍ਰਾਮ ਨੂੰ ਇੱਕ ਦਿਨ ਵਿੱਚ 4 ਵਾਰ 5 ਦਿਨਾਂ ਲਈ (ਖੁਰਾਕਾਂ ਦੇ ਵਿਚਕਾਰ 6 ਘੰਟਿਆਂ ਦੇ ਅੰਤਰ ਨਾਲ) ਲਈ ਜਾਓ।**



**ਖੰਘ** ਲਈ ਚੂਸਣ ਵਾਲੀ ਗੋਲੀਆਂ ਲਓ।

ਜੇ ਤੁਹਾਨੂੰ **ਦਸਤ** ਹਨ, ਤਾਂ ਓਆਰਐਸ (ORS) ਵਰਤੋਂ

**ਹਲਕੇ ਜਾਂ ਦਰਮਿਆਨੇ ਲੱਛਣਾਂ ਵਾਲੇ ਲੋਕਾਂ ਲਈ :** ਬੁਡੇਸੋਨੀਡ 400 ਐਮਸੀਜੀ (Budesonide 400 mcg ) ਇਨਹੇਲਰ - **2 ਪਫ, ਰੋਜ਼ਾਨਾ ਦੋ ਵਾਰ 5 ਤੋਂ 7 ਦਿਨਾਂ ਲਈ।** ਪ੍ਰਭਾਵੀ ਜੇ ਜਲਦੀ ਲਿਆ ਜਾਂਦਾ ਹੈ। ਡਾਕਟਰ ਦੀ ਸਲਾਹ ਲਓ।

# ਵੱਖਰੇ ਰਹੋ



ਇੱਕ ਵੱਖਰੇ ਕਮਰੇ ਵਿੱਚ ਰਹੋ ਜਿਸ ਨਾਲ ਟਾਇਲਟ ਲੱਗਿਆ ਹੋਵੇ, **ਚਾਹੇ ਤੁਹਾਡੇ ਵਿੱਚ ਕੋਈ ਵੀ ਲੱਛਣ ਨਾ ਹੋਣ।**



**ਕਿਸੇ ਵੀ ਚੀਜ਼ ਲਈ ਕਮਰੇ ਤੋਂ ਬਾਹਰ ਨਾ ਜਾਓ।**



ਬਿਸਤਰੇ, ਤੌਲੀਏ, ਪਲੇਟਾਂ, ਗਲਾਸ, ਕੱਪ, ਚਮਚੇ ਅਤੇ ਫੋਨ ਆਦਿ ਵਰਗੀਆਂ ਨਿੱਜੀ ਚੀਜ਼ਾਂ **ਸਾਂਝੀਆਂ ਨਾ ਕਰੋ।**

# ਭੋਜਨ ਅਤੇ ਪਾਣੀ



- ਸੰਭਾਲ ਕਰਤਾ ਨੂੰ ਭੋਜਨ ਮਰੀਜ਼ ਦੇ **ਕਮਰੇ ਦੇ ਬਿਲਕੁਲ ਬਾਹਰ** ਰੱਖਣਾ ਚਾਹੀਦਾ ਹੈ।
- ਸਥਾਨਕ ਤੌਰ 'ਤੇ ਉਪਲਬਧ **ਫ਼ਲ ਅਤੇ ਸਬਜ਼ੀਆਂ** ਦਿਓ। ਦਾਲ, ਦੁੱਧ, ਸੋਇਆ, ਪਨੀਰ, ਅੰਡਾ, ਅਤੇ ਹੋਰ ਪ੍ਰੋਟੀਨ ਨਾਲ ਭਰਪੂਰ ਭੋਜਨ ਦਿਓ
- ਦਿਨ ਵਿੱਚ 8-10 ਗਲਾਸ **ਪਾਣੀ** ਪੀਓ।

# ਆਕਸੀਜਨ ਦੇ ਲੈਵਲ ਵਿੱਚ ਸੁਧਾਰ ਕਰਨ ਲਈ

ਦਿਨ ਵਿੱਚ ਤਿੰਨ ਵਾਰ 30 ਮਿੰਟ ਤੋਂ 1 ਘੰਟੇ ਤੱਕ **ਆਪਣੇ ਪੇਟ ਦੇ ਭਾਰ'** ਲੇਟੋ, ਜੇ ਆਰਾਮਦਾਇਕ ਹੋਵੇ

ਖਾਣੇ ਤੋਂ ਬਾਅਦ, ਬੀਪੀ, ਦਿਲ ਦੀ ਕੋਈ ਦਿਕੱਤ, ਰੀੜ੍ਹ ਦੀ ਹੱਡੀ ਦੀ ਪ੍ਰੋਬਲਮ, ਗਰਭ ਅਵਸਥਾ - **ਵਿੱਚ ਇਹ ਨਾ ਕਰੋ**



# ਬਿਹਤਰ ਮਹਿਸੂਸ ਕਰਨ ਲਈ



ਦਿਨ ਵਿੱਚ ਤਿੰਨ ਵਾਰ ਗਰਮ ਪਾਣੀ ਅਤੇ ਨਮਕ ਨਾਲ **ਗਰਾਰੇ** ਕਰੋ।



ਦਿਨ ਵਿੱਚ ਤਿੰਨ ਵਾਰ **ਭਾਫ ਲਵੋ**



**ਡੂੰਘੇ ਸਾਹ ਲੈਣ** ਲਈ ਸਾਹ ਦੀਆਂ ਕਸਰਤ ਕਰੋ

# ਆਪਣੀ ਸਿਹਤ ਦੀ ਨਿਗਰਾਨੀ ਕਰੋ

ਦਿਨ ਵਿੱਚ ਤਿੰਨ ਵਾਰ ਪਲਸ ਆਕਸੀਮੀਟਰ ਦੀ ਵਰਤੋਂ ਕਰਕੇ **ਆਕਸੀਜਨ** ਅਤੇ ਥਰਮਾਮੀਟਰ ਦੀ ਵਰਤੋਂ ਕਰਕੇ ਆਪਣੇ **ਤਾਪਮਾਨ** ਦੀ ਜਾਂਚ ਕਰੋ



# ਮੈਨੂੰ ਕਿਸੇ ਡਾਕਟਰ ਨਾਲ ਸੰਪਰਕ ਕਰਨ ਦੀ ਲੋੜ ਕਦੋਂ ਹੈ?

ਜੇ ਤੁਹਾਡੇ **ਲੱਛਣ 4 ਦਿਨਾਂ ਤੋਂ ਵੱਧ ਸਮੇਂ ਤੱਕ ਚੱਲਦੇ ਹਨ ਜਾਂ ਜਿਆਦਾ ਵਿਗੜ ਜਾਂਦੇ** ਹਨ - ਤਾਂ ਤੁਹਾਨੂੰ ਵਾਧੂ ਦਵਾਈਆਂ ਦੀ ਲੋੜ ਪੈ ਸਕਦੀ ਹੈ।

# ਮੈਨੂੰ ਹਸਪਤਾਲ ਜਾਣ ਦੀ ਲੋੜ ਕਦੋਂ ਹੈ?



### ਜੇ ਤੁਹਾਨੂੰ

- ਸਾਹ ਲੈਣ ਵਿੱਚ ਮੁਸ਼ਕਿਲ, ਤੇਜ਼ ਸਾਹ ਲੈਣਾ
- ਛਾਤੀ ਵਿੱਚ ਦਰਦ ਜਾਂ ਭਾਰੀ ਭਨ
- ਬੇਹੋਸ਼ ਹੋਣਾ, ਸੁਸਤੀ, ਮਾਨਸਿਕ ਉਲਝਣ

### ਆਕਸੀਮੀਟਰ ਰੀਡਿੰਗ

- 91 ਤੋਂ 93 - **ਆਕਸੀਜਨ ਸਹੂਲਤ ਵਾਲੇ ਕੇਂਦਰ** ਜਾਓ।
  ਇਹ ਤੁਹਾਡੇ ਨੇੜੇ ਇੱਕ ਕੋਵਿਡ ਕੇਂਦਰ ਹੋ ਸਕਦਾ ਹੈ।
- 90 ਜਾਂ ਇਸ ਤੋਂ ਘੱਟ ਹੈ, **ਹਸਪਤਾਲ** ਜਾਓ

### ਜੇ ਆਕਸੀਮੀਟਰ ਉਪਲਬਧ ਨਹੀਂ ਹੈ

- ਜੇ ਤੁਰਨ ਵਰਗੀਆਂ ਸਧਾਰਣ ਗਤੀਵਿਧੀਆਂ ਕਰਦਿਆਂ ਮਰੀਜ਼ ਨੂੰ ਸਾਹ ਚੜ੍ਹਦਾ ਹੈ, **ਤਾਂ ਸਾਹ ਲੈਣ ਵਿੱਚ ਹਲਕੀ ਮੁਸ਼ਕਲ ਹੋ ਸਕਦੀ ਹੈ**
- ਜੇ ਮਰੀਜ਼ ਨੂੰ ਆਰਾਮ ਕਰਨ ਵੇਲੇ ਸਾਹ ਚੜ੍ਹਦਾ ਹੈ ਜਾਂ ਇਕ ਸਮੇਂ ਵਿੱਚ ਪੂਰਾ ਵਾਕ ਨਹੀਂ ਬੋਲ ਸਕਦਾ, **ਤਾਂ ਸਾਹ ਲੈਣ ਵਿੱਚ ਭਾਰੀ ਮੁਸ਼ਕਲ ਹੋ ਸਕਦੀ ਹੈ**

# ਵਿਸ਼ੇਸ਼ ਹਾਲਾਤ

### ਉਹਨਾਂ ਲੋਕਾਂ ਵਾਸਤੇ ਜਿੰਨ੍ਹਾਂ ਦੀ ਉਮਰ 60 ਸਾਲ ਜਾਂ ਇਸ ਤੋਂ ਵੱਧ ਹੈ ਜਾਂ ਉਹਨਾਂ ਨੂੰ ਕੋਈ ਬਿਮਾਰੀ ਜਿਵੇਂ ਕਿ ਡਾਇਬਿਟੀਜ਼, ਦਿਲ ਦੀ ਬਿਮਾਰੀ, ਫੇਫੜਿਆਂ ਦੀ ਬਿਮਾਰੀ ਆਦਿ ਹੈ :



- ਤੁਹਾਨੂੰ **ਵਧੇਰੇ ਗੰਭੀਰ ਬਿਮਾਰੀ ਦਾ ਖਤਰਾ ਹੈ।**
- ਘਰ ਵਿੱਚ ਵੱਖਰੇ ਰਹਿਣ ਵਾਸਤੇ **ਡਾਕਟਰ ਨਾਲ ਸੰਪਰਕ ਕਰੋ।**
- ਆਪਣੀਆਂ **ਦਵਾਈਆਂ ਜਾਰੀ ਰੱਖੋ।**
- ਜੇ ਤੁਹਾਨੂੰ ਖੁਰਾਕ ਵਿੱਚ ਕੋਈ **ਪਾਬੰਦੀਆਂ ਹਨ,** ਜਿਵੇਂ ਕਿ ਘੱਟ ਨਮਕ, ਘੱਟ ਚੀਨੀ, ਘੱਟ ਪਾਣੀ ਲੈਣਾ - **ਉਹਨਾਂ ਨੂੰ ਜਾਰੀ ਰੱਖੋ।**
- ਸੰਭਾਲ ਕਰਤਾਵਾਂ ਨੂੰ ਐਂਬੂਲੈਂਸ, ਆਕਸੀਜਨ ਬੈੱਡਾਂ ਵਾਲੇ ਹਸਪਤਾਲਾਂ ਅਤੇ ਆਈਸੀਯੂ (ICU) ਵਾਲੇ ਹਸਪਤਾਲਾਂ ਦੇ **ਸਥਾਨਕ ਸੰਪਰਕ ਨੰਬਰ ਆਪਣੇ ਕੋਲ** ਰੱਖਣੇ ਚਾਹੀਦੇ ਹਨ।

### ਗਰਭਵਤੀ ਔਰਤਾਂ ਲਈ :



- **ਇਕਲੇ ਰਹਿਣ** ਦੀ ਮਿਆਦ ਪੂਰੀ ਕਰਨ **ਤੋਂ ਬਾਅਦ,** ਆਪਣੇ ਚੈੱਕ ਅੱਪ ਅਤੇ ਟੈਟਨਸ (ਟੀਟੀ) ਦੇ ਟੀਕੇ ਲਵੋ
- **ਆਇਰਨ ਅਤੇ ਕੈਲਸ਼ੀਅਮ** ਦੀਆਂ ਗੋਲੀਆਂ ਲੈਣਾ ਜਾਰੀ ਰੱਖੋ
- ਆਪਣੇ ਡਾਕਟਰ, ਏਐਨਐਮ ਜਾਂ ਆਸ਼ਾ ਵਰਕਰ **ਨਾਲ ਸੰਪਰਕ ਵਿੱਚ ਰਹੋ**

# ਸੰਭਾਲ ਕਰਨ ਵਾਲਾ ਅਤੇ ਪਰਿਵਾਰ ਦੇ ਬਾਕੀ ਮੈਂਬਰ ਕਿਵੇਂ ਸੁਰੱਖਿਅਤ ਰਹਿ ਸਕਦੇ ਹਨ?



## ਸਮਰਪਿਤ ਦੇਖਭਾਲ ਕਰਨ ਵਾਲਾ

- **ਕੇਵਲ ਇੱਕ ਵਿਅਕਤੀ,** ਜਿਸ ਦੀ ਉਮਰ 18 ਤੋਂ 60 ਸਾਲ ਹੈ ਅਤੇ ਡਾਇਬਿਟੀਜ਼, ਦਿਲ ਦੀ ਬਿਮਾਰੀ, ਜਾਂ ਫੇਫੜਿਆਂ ਦੀ ਬਿਮਾਰੀ ਵਰਗੀਆਂ **ਬਿਮਾਰੀਆਂ** ਨਹੀਂ ਹਨ ਉਸਨੂੰ ਮਰੀਜ਼ ਦੀ ਦੇਖਭਾਲ ਕਰਨੀ ਚਾਹੀਦੀ ਹੈ।



## ਮਰੀਜ਼ ਆਪਣੇ ਕਮਰੇ ਵਿੱਚ ਹੀ ਰਹੇ

- ਮਰੀਜ਼ **ਇੱਕ ਹੀ ਕਮਰੇ** ਵਿੱਚ ਰਹਿੰਦਾ ਹੈ ਅਤੇ ਦਰਵਾਜ਼ਾ ਬੰਦ ਰੱਖਦਾ ਹੈ, ਅਤੇ ਖਿੜਕੀਆਂ ਖੁੱਲ੍ਹੀਆਂ ਰੱਖਦਾ ਹੈ
- ਸੰਭਾਲ ਕਰਤਾ ਨੂੰ ਛੱਡ ਕੇ **ਕਿਸੇ ਨੂੰ ਵੀ** ਮਰੀਜ਼ ਦੇ ਕਮਰੇ ਵਿੱਚ **ਦਾਖਲ** ਨਹੀਂ ਹੋਣਾ ਚਾਹੀਦਾ।
- ਜੇ ਤੁਹਾਡੇ ਕੋਲ ਮਰੀਜ਼ ਵਾਸਤੇ ਕੋਈ ਵੱਖਰਾ ਕਮਰਾ ਨਹੀਂ ਹੈ, ਤਾਂ ਸਰਕਾਰੀ ਹੈਲਪਲਾਈਨ (1075) ਨੂੰ ਕਾਲ ਕਰੋ, ਅਤੇ ਕੋਵਿਡ ਸੰਭਾਲ ਕੇਂਦਰ ਵਿੱਚ ਜਾਓ।

## ਸੰਭਾਲ ਕਰਤਾ ਅਤੇ ਪਰਿਵਾਰ ਦੀ ਸੁਰੱਖਿਆ ਲਈ



- ਪੂਰੇ ਘਰ ਵਿੱਚ **ਖਿੜਕੀਆਂ ਖੋਲ੍ਹੋ।**
- ਰਬੜ ਦੇ ਦਸਤਾਨੇ ਜਾਂ ਡਿਸਪੋਜ਼ੇਬਲ (ਇੱਕ ਵਾਰ ਵਰਤੋਂ) ਦਸਤਾਨੇ ਪਹਿਨੋ ਜੇ ਤੁਸੀਂ ਮਰੀਜ਼ ਨੂੰ ਛੂਹ ਰਹੇ ਹੋ ਜਾਂ ਕੱਪੜਿਆਂ ਅਤੇ ਚਾਦਰਾਂ ਦੀ ਸਫਾਈ ਕਰ ਰਹੇ ਹੋ
- **ਹਰ ਕਿਸੇ ਨੂੰ ਘਰ ਵਿੱਚ ਮਾਸਕ ਪਹਿਨਣਾ ਚਾਹੀਦਾ ਹੈ।** ਸੰਭਾਲ ਕਰਤਾ ਨੂੰ ਸਰਜੀਕਲ ਮਾਸਕ ਪਾਉਣਾ ਚਾਹੀਦਾ ਹੈ (N95 ਮਾਸਕ ਵੀ ਵਰਤਿਆ ਜਾ ਸਕਦਾ ਹੈ)
- ਆਪਣੇ **ਘਰ ਨੂੰ, ਖ਼ਾਸਕਰ ਆਮ ਤੌਰ 'ਤੇ ਵਰਤੀਆਂ ਜਾਂਦੀਆਂ ਚੀਜ਼ਾਂ** ਨੂੰ ਕਿਸੇ ਕੀਟਾਣੂਨਾਸ਼ਕ ਦੇ ਘੋਲ ਦੀ ਵਰਤੋਂ ਨਾਲ ਸਾਫ ਰੱਖੋ।

## ਹਰ ਕੋਈ ਘਰ ਦੇ ਅੰਦਰ ਹੀ ਰਹੇ



- ਹਰ ਕਿੱਸੇ ਨੂੰ ਅੰਦਰ ਰਹਿਣ ਦੀ ਜ਼ਰੂਰਤ ਹੈ, ਆਪਣੀ ਪੂਰੀ ਅਲਹਿਦਗੀ ਦੀ ਮਿਆਦ ਲਈ ਘੱਟ ਤੋਂ ਘੱਟ 10 ਦਿਨਾਂ ਲਈ ਲੱਛਣ ਆਨ ਤੋਂ ਬਾਧ, ਜਾ ਟੈਸਟ ਕਰਵਾਉਣ ਤੋਂ ਬਾਧ ਜੇ ਕੋਈ ਲੱਛਣ ਨਾ ਹੋਣ। ਇਸ ਤੋਂ ਅਲਾਵਾ, ਪਿਛਲੇ 3 ਦਿਨਾਂ ਵਿੱਚ ਭੁਖਾਰ ਨਹੀਂ ਹੋਣਾ ਚਾਹੀਦਾ।
- ਗੁਆਂਢੀਆਂ ਅਤੇ ਦੋਸਤਾਂ ਤੋਂ ਇਹ ਕਹਿ ਕੇ **ਮਦਦ ਲਓ** ਕਿ ਉਹ ਤੁਹਾਨੂੰ ਜ਼ਰੂਰੀ ਚੀਜ਼ਾਂ, ਕਰਿਆਨੇ ਅਤੇ ਦਵਾਈਆਂ ਲੈਕੇ ਦੇਣ ਅਤੇ ਦਰਵਾਜ਼ੇ ਦੇ ਬਾਹਰ ਰੱਖ ਦੇਣ



## ਕਿਸੇ ਵੀ ਲੱਛਣ ਲਈ ਹਰੇਕ 'ਤੇ ਨਜ਼ਰ ਰੱਖੋ

- ਜੇ ਪਰਿਵਾਰ ਵਿੱਚ ਕਿਸੇ ਦੇ ਕੋਈ ਲੱਛਣ ਹਨ, ਤਾਂ **ਡਾਕਟਰ/ਟੈਲੀ-ਮੈਡੀਸਨ ਹੈਲਪਲਾਈਨ ਨਾਲ ਸਲਾਹ-ਮਸ਼ਵਰਾ ਕਰੋ।**

# ਮੈਨੂੰ ਘਰ ਵਿੱਚ ਕਿਹੜੀਆਂ ਚੀਜ਼ਾਂ ਰੱਖਣੀਆਂ ਚਾਹੀਦੀਆਂ ਹਨ?

ਤੁਸੀਂ ਇੱਕ ਕਿੱਟ ਬਣਾ ਸਕਦੇ ਹੋ ਅਤੇ ਘਰ ਵਿੱਚ ਰੱਖ ਸਕਦੇ ਹੋ।

- 1 ਡਿਜੀਟਲ ਥਰਮਾਮੀਟਰ
- 1 ਪਲਸ ਆਕਸੀਮੀਟਰ
- 10 ਜਾਂ ਇਸ ਤੋਂ ਵੱਧ ਸਰਜੀਕਲ ਮਾਸਕ (N95 ਮਾਸਕ ਵੀ ਵਰਤ ਸਕਦੇ ਹੋਂ)
- ਜੇ ਉਪਲਬਧ ਹੈ, ਤਾਂ ਸੰਭਾਲ ਕਰਤਾ ਵਾਸਤੇ N95 ਮਾਸਕ
- 1 ਤਰਲ ਸਾਬਣ/ਹੱਥ ਸੈਨੀਟਾਈਜ਼ਰ ਦੀ ਬੋਤਲ
- ਨੋਟਬੁੱਕ ਰੋਜ਼ਾਨਾ ਤਾਪਮਾਨ ਅਤੇ ਆਕਸੀਜਨ ਦੇ ਲੈਵਲ ਨੂੰ ਲਿਖਣ ਲਈ
- 20 ਗੋਲੀਆਂ ਪੈਰਾਸੀਟਾਮੋਲ 500 ਮਿ ਗਰਾਮ
- ਖਾਂਸੀ ਲਈ ਚੂਸਣ ਦੀ ਗੋਲੀਆਂ



## ਰੇਮਡੇਸਵੀਰ, ਟੋਸੀਲੀਜ਼ੁਮੈਬ ਅਤੇ ਕਨਵੇਲਸੈਂਟ ਪਲਾਜ਼ਮਾ ਵਰਗੀਆਂ ਹੋਰ ਦਵਾਈਆਂ ਕੀ ਹਨ?

# ਮੈਨੂੰ ਕਦੋਂ ਇਹਨਾਂ ਲਈ ਦੇਖਣਾ ਸ਼ੁਰੂ ਕਰਨਾ ਚਾਹੀਦਾ ਹੈ?

**ਰੇਮਡੇਸਵੀਰ** ਇੱਕ ਐਂਟੀਵਾਇਰਲ ਦਵਾਈ ਹੈ, ਜੋ ਲੱਛਣਾਂ ਦੀ ਮਿਆਦ ਨੂੰ ਘੱਟ ਕਰ ਸਕਦੀ ਹੈ। ਇਹ ਕੇਵਲ ਆਕਸੀਜਨ ਥੈਰੇਪੀ ਦੇ ਤਹਿਤ ਹਸਪਤਾਲ ਵਿੱਚ ਭਰਤੀ ਮਰੀਜ਼ ਨੂੰ ਦਿੱਤਾ ਜਾ ਸਕਦਾ ਹੈ।

**ਟੋਸੀਲੀਜ਼ੁਮੈਬ** ਇੱਕ ਅਜਿਹੀ ਦਵਾਈ ਹੈ ਜੋ ਗੰਭੀਰ ਬਿਮਾਰੀ ਵਾਲੇ ਮਰੀਜ਼ ਜੋ ਹਸਪਤਾਲ ਵਿੱਚ ਭਰਤੀ ਹਨ ਉਹਨਾਂ ਨੂੰ ਦਿੱਤੀ ਜਾ ਸਕਦੀ ਹੈ।

ਮਰੀਜ਼ਾਂ ਵਾਸਤੇ ਆਮ ਤੌਰ 'ਤੇ **ਕਨਵੇਲਸੈਂਟ ਪਲਾਜ਼ਮਾ** ਦੀ ਸਲਾਹ ਨਹੀਂ ਦਿੱਤੀ ਜਾਂਦੀ

ਇਹਨਾਂ ਦਵਾਈਆਂ ਦੀ ਸੇਧ ਡਾਕਟਰ ਤੋਂ ਬਿਨਾਂ ਨਾ ਸ਼ੁਰੂ ਕਰੋ।

**ਇਹ ਕੇਵਲ ਵਿਸ਼ੇਸ਼ ਹਾਲਾਤਾਂ ਵਿੱਚ ਹੀ ਵਰਤੀਆਂ ਜਾਂਦੀਆਂ ਹਨ।**